Weekly

CANADA SIKH TIMES

24 - 30 August 2025

ਕੈਨੇਡਾ ਸਿੱਖ ਟਾਈਮਜ਼

Volume 3 Issue 34

• RELIGION • CULTURE • HERITAGE • BUSINESS

ਸਾਬਕਾ ਬੀ.ਐਸ.ਐਫ. ਅਧਿਕਾਰੀ ਅਮਰਦੀਪ ਨੇ ਸਰ ਕੀਤਾ ਮਾਊਂਟ ਐਲਬਰੂਸ

ਪਿੰਡ ਨੂਰਪੁਰ ਵਾਸੀ ਸਾਬਕਾ ਬੀਐੱਸਐੱਫ ਅਧਿਕਾਰੀ ਅਮਰਦੀਪ ਸਿੰਘ ਨੇ 14 ਤੇ 16 ਅਗਸਤ ਨੂੰ ਲਗਾਤਾਰ ਦੋ ਵਾਰ ਰੂਸ ਦੀ ਸਭ ਤੋਂ ਉੱਚੀ 5642 ਮੀਟਰ ਦੀ ਚੋਟੀ 'ਤੇ ਚੜ੍ਹਾਈ ਚੜ੍ਹ ਕੇ ਨਵਾਂ ਰਿਕਾਰਡ ਕਾਇਮ ਕੀਤਾ ਹੈ। ਗੱਲਬਾਤ ਕਰਦਿਆਂ ਪਰਬਤਾਰੋਹੀ 44 ਸਾਲਾ ਅਮਰਦੀਪ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਾ ਜਨਮ 1980 'ਚ ਨੂਰਪੁਰ ਪਿੰਡ 'ਚ ਹੋਇਆ ਸੀ। ਉਨ੍ਹਾਂ ਨੇ ਗ੍ਰੈਜੂਏਸ਼ਨ ਡੀਏਵੀ ਕਾਲਜ ਜਲੰਧਰ ਤੋਂ ਕੀਤੀ ਅਤੇ ਐਨਸੀਸੀ ਕੈਡੇਟ ਰਹੇ। 2004 'ਚ ਉਹ ਬੀਐੱਸਐੱਫ 'ਚ ਬਤੌਰ ਸਬ-ਇੰਸਪੈਕਟਰ ਭਰਤੀ ਹੋ ਗਏ ਅਤੇ 10 ਸਾਲ ਸੇਵਾਵਾਂ ਦੇਣ ਉਪਰੰਤ 2014 'ਚ ਉਨ੍ਹਾਂ ਨੇ ਯੂਨੀਅਨ ਬੈਂਕ ਆਫ ਇੰਡੀਆ 'ਚ ਬਤੌਰ ਸਕਿਉਰਿਟੀ ਇੰਚਾਰਜ ਦੀ ਪ੍ਰੀਖਿਆ ਪਾਸ ਕਰ ਲਈ। ਮੌਜੂਦਾ ਸਮੇਂ ਉਹ ਗੁਜਰਾਤ ਵਿਖੇ ਖੇਤਰੀ ਸਕਿਉਰਿਟੀ ਇੰਚਾਰਜ ਵਜੋਂ ਸੇਵਾਵਾਂ ਦੇ ਰਹੇ ਹਨ। ਆਪਣੇ ਸਫ਼ਰ ਬਾਰੇ ਗੱਲ ਕਰਦਿਆਂ ਉਨ੍ਹਾਂ ਨੇ ਦੱਸਿਆ ਕਿ ਪਰਬਤਾਰੋਹੀ ਵਜੋਂ ਉਨ੍ਹਾਂ ਦਾ ਸਫਰ 2000 ਵਿਚ ਨਹਿਰੂ ਇੰਸਟੀਚਿਊਟ ਆਫ ਮਾਊਂਟੇਨੀਅਰਿੰਗ ਉੱਤਰਕਾਸ਼ੀ ਤੋਂ ਬੇਸਿਕ ਮਾਊਂਟੇਨੀਅਰਿੰਗ ਕੋਰਸ ਨਾਲ ਸ਼ੁਰੂ ਹੋਇਆ।

Indian Railways to Commemorate Martyrdom of Guru Tegh Bahadur Ji

Indian Railways will observe the 350th martyrdom anniversary of Guru Tegh Bahadur Ji, the ninth Sikh Guru, with deep reverence. The initiative aims to acquaint the younger generation with the Guru's teachings, sacrifices, and timeless message of religious freedom. At a high-level meeting held at Rail Bhawan, Union Minister of State for Railways and Food Processing, Ravneet Singh Bittu, said that Guru Tegh Bahadur Ji's sakhis and saloks will be displayed at railway stations and on trains, including Sachkhand Express. Special memorial trains will be introduced from key destinations like Delhi, Haryana, Patna, and Hazur Sahib. Proposals discussed included cleanliness and health upgrades in trains, arrangements for langar, Punjabi signage at major stations, and improved pilgrimage connectivity.

Rs. 25 Crore Heritage Project for Anandpur Sahib

The Punjab govt will build a new Heritage Street in Anandpur Sahib, one of Sikhism's holiest towns, to mark the 421st anniversary of the first Parkash Purb, or appearance day, of Guru Granth Sahib, education minister of Punjab announced on Sunday. The project will stretch from the main gurdwara to Takht Kesgarh Sahib, the historic site where Guru Gobind Singh, the tenth Sikh Guru, founded the Khalsa Panth. Bains said the Heritage Street was designed to create "a serene spiritual oasis," with marble paving, landscaped surroundings and decorative lighting. He said the first phase, with a budget of Rs. 25 crore, would transform the route into a pedestrian-only zone to allow devotees to walk the sacred path in peace.

"The stairs leading to Takht Sahib will also be renovated with marble and intricate design, enhancing the site's grandeur and spiritual significance," minister said. With the tendering process complete, the minister said the project would begin soon, with chief minister scheduled to inaugurate it. Education Minister said the redevelopment was expected to both enrich the experience for pilgrims and boost tourism in Anandpur Sahib, regarded as one of the most sacred seats of Sikh history and culture.

DESH VIDESH

The three pillars of Sikhi

- Daljit Singh

Just a few days ago, one evening my son suggested that we should go to the park just opposite my house to play basketball. My son and I were using one side of the court and on the other side; a lady was playing with her two children. As we got closer, she approached me rather inquisitively, about my faith and why I was wearing a saffron turban. I replied by saying that I am a practicing Sikh and I am of the Sikh faith.

She was curious and also remarked that she has not heard of this religion and she assumed that it is passive religion. She is from Macedonia and has migrated to UK to be domiciled here and she has not seen in her entire life people with such unique appearance who stands out; she started asking me about the faith. The first thing that came into my mind was the 3 pillars of the Sikh faith, which are, *naam japna, Wand chhakna* and *kirat karni* (uttering the name of Waheguru, sharing and living an honest living).

She listened with great interest and she asked for more information. I also encouraged her to visit a local Gurdwara for her to gain more insight into the principles and practices of Sikh faith. Whilst talking, her daughter was clinging on to her and she butted in and asked her mother what their faith was. She replied by saying that they are Orthodox Christian and she persevered further to ask more questions. As the night was drawing closer, I finally said that she should either go on the Sikhnet website or read The Sikh Times, to get the real feeling of what is like to be a True Sikh.

On my return home, it dawned upon me that I should produce a little leaflet for distribution and then I decided to write on the Sikh faith, the three pillars of the unique and its practices for others to grasp it. She is not the first one and it is not going to the last time so I thought it would be good to make others aware of the faith. My aspiration is to see that this wonderful faith is there to grow and grow fast for others to embrace, as many have so embarked on the path of Sikhi.

The three pillars or the triple principle underlying Sikh ethics and way of life is n*aam japna, kirat karni* and *wand chhakana* (i.e. to repeat the God Name, to be ready to engage in the labour of one's hands and to be willing to share with others their victuals). This was formalised by Guru Nanak Dev Ji and he directly had the Sikhs to practice simran and naam japna-meditate on God and reciting God's name or shabad: Ik Oankar, Satnam or Vahiguru are just a few examples." He also asked the Sikhs to live as householders (grishasti) and practice kirat karni (to honestly earn by own sweat and maintaining high spiritual moral values and spirituality. Kirat is central to the Sikh concept of sewa or self-abnegating (self-sacrifice) deeds of service. It also involves setting apart of the obligatory one tenth of one's earning for communal purposes (daswandh). Daswandh also includes allocating two and half hours per day to remember God on one's own by meditating in his Name. Vand chhakana is to share and consume together. The whole ethos is to share their acquisition within their community and such humble gestures are observed at the Gurdwaras or are demonstrated by their hospitality at home. I had to get this message across to her in a snapshot and for this to be noticeable, she should visit a Gurdwara or perhaps, a Sikh camp for her to learn from the well-motivated young Sikhs who will give her the inspiring aspects of Sikh faith in a nutshell. I tried and when I do see her again, I will ask her whether she did go on the website to check out on the Sikh faith. She promised me that she will and the rest is in the hands of God. I forgot to even ask for her email, I would have attached this article for her reference, which I indebt to contribution by other renowned Sikh authors on the faith. If I see her again, I am sure I will recognise her.



Just to give the readers an analogy, that a bird needs both her wings to give her that fine balance, poise and glide through the air with great ease and composure and similarly, simran and sewa goes hand in hand for the individual to achieve that focus, equipoise and balance in life to achieve that inner bliss. Likewise, they are independent and without, one wing, the bird will flutter and go no further. Simran refers to the remembrance of God by repetition recital of the Name or mantra which is taken from the Sri Granth Sahib Ji (SGGS). The word derives from Sanskrit meaning Remembrance and also translated as "meditation" SGGS 202 which says: Meditating, mediating, meditating remember, I have found peace (*Simrau simir simir sukh paavau. Kal kales tan mah mitaavau*. I contemplate God, and by contemplation obtain true happiness: Thereby I efface the evil and sufferings of my body). Simran also mean to die over such that you kill your ego to achieve union with the infinite reality. To achieve a higher spiritual state, one has to undergo the discipline of Naam simran i.e. constant awareness of thy True Name (Satnam).

(Continued)

HERITAGE

ਨਿਊਜ਼ੀਲੈਂਡ ਸਰਕਾਰ ਨੇ ਐਲਾਨਿਆ ਨਵਾਂ ਬਿਜ਼ਨਸ ਇਨਵੈਸਟਰ ਵੀਜ਼ਾ

ਨਿਊਜ਼ੀਲੈਂਡ ਸਰਕਾਰ ਨੇ ਵਿਦੇਸ਼ੀ ਨਿਵੇਸ਼ਕਾਂ ਨੂੰ ਆਕਰਸ਼ਿਤ ਕਰਨ ਲਈ ਇੱਕ ਨਵਾਂ ਵੀਜ਼ਾ ਲਾਂਚ ਕਰਨ ਦਾ ਐਲਾਨ ਕੀਤਾ ਹੈ, ਜਿਸਨੂੰ ਬਿਜ਼ਨਸ ਇਨਵੈਸਟਰ ਵੀਜ਼ਾ (ਭੀਤ) ਨਾਮ ਦਿੱਤਾ ਗਿਆ ਹੈ। ਇਸ ਵੀਜ਼ੇ ਦਾ ਮੁੱਖ ਉਦੇਸ਼ ਵਿਦੇਸ਼ੀ ਵਪਾਰੀਆਂ ਅਤੇ ਕਾਰੋਬਾਰੀ ਸ਼ਖਸੀਅਤਾਂ ਨੂੰ ਨਿਊਜ਼ੀਲੈਂਡ ਵਿੱਚ ਨਿਵੇਸ਼ ਕਰਨ ਲਈ ਪ੍ਰੋਤਸਾਹਿਤ ਕਰਨਾ ਹੈ, ਤਾਂ ਜੋ ਦੇਸ਼ ਦੀ ਅਰਥਵਿਵਸਥਾ ਵਿੱਚ ਨਵੀਂ ਤਾਕਤ ਆ ਸਕੇ ਅਤੇ ਸਥਾਨਕ ਪੱਧਰ 'ਤੇ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਕੀਤੇ ਜਾ ਸਕਣ।

ਇਹ ਐਲਾਨ ਉਸ ਸਮੇਂ ਆਇਆ ਹੈ ਜਦੋਂ ਦੇਸ਼ ਵਿੱਚ ਵਿਦੇਸ਼ੀ ਖਰੀਦਦਾਰਾਂ ਵੱਲੋਂ ਰਿਹਾਇਸ਼ੀ ਸੰਪਤੀ ਖਰੀਦਣ 'ਤੇ ਲੱਗੀਆਂ ਪਾਬੰਦੀਆਂ ਨੂੰ ਹਟਾਉਣ ਜਾਂ ਢਿੱਲਾ ਕਰਨ ਬਾਰੇ ਅਟਕਲਾਂ ਗਰਮ ਹੋ ਰਹੀਆਂ ਹਨ। ਮੌਜੂਦਾ ਨਿਯਮਾਂ ਅਨੁਸਾਰ, ਵਿਦੇਸ਼ੀ ਲੋਕਾਂ ਲਈ ਘਰ ਖਰੀਦਣ 'ਤੇ ਕਾਫ਼ੀ ਸਖ਼ਤ ਪਾਬੰਦੀਆਂ ਹਨ। ਹਾਲਾਂਕਿ, ਅਰਥਸ਼ਾਸਤਰੀਆਂ ਅਤੇ ਸਰਕਾਰੀ ਅਧਿਕਾਰੀਆਂ ਦਾ ਮੰਨਣਾ ਹੈ ਕਿ ਜੇਕਰ ਇਨ੍ਹਾਂ ਨਿਯਮਾਂ ਵਿੱਚ ਕੁਝ ਬਦਲਾਅ ਵੀ ਆਏ, ਤਾਂ ਇਸਦਾ ਅਸਰ ਬਹੁਤ ਵੱਡੀ ਗਿਣਤੀ ਵਿੱਚ ਕੀਵੀ ਘਰ ਮਾਲਕਾਂ 'ਤੇ ਨਹੀਂ ਪਵੇਗਾ। ਸਰਕਾਰ ਦੇ ਅਨੁਸਾਰ, ਇਹ ਨਵਾਂ ਵੀਜ਼ਾ ਸਿਰਫ਼ ਉਹਨਾਂ ਵਿਦੇਸ਼ੀ ਨਿਵੇਸ਼ਕਾਂ ਲਈ ਹੋਵੇਗਾ ਜੋ ਸਿੱਧੇ ਤੌਰ 'ਤੇ ਦੇਸ਼ ਦੀ ਅਰਥਵਿਵਸਥਾ ਵਿੱਚ ਯੋਗਦਾਨ ਪਾਉਣਗੇ, ਜਿਵੇਂ ਨਵੇਂ ਕਾਰੋਬਾਰ ਖੋਲ੍ਹਣਾ, ਉਦਯੋਗਿਕ ਖੇਤਰਾਂ ਵਿੱਚ ਨਿਵੇਸ਼ ਕਰਨਾ ਜਾਂ ਨਵੀਂ ਟੈਕਨੋਲੋਜੀ ਦੇਣੀ। ਇਸ ਨਾਲ ਸਿਰਫ਼ ਨਿਵੇਸ਼ ਹੀ ਨਹੀਂ ਆਏਗਾ, ਸਗੋਂ ਸਥਾਨਕ ਲੋਕਾਂ ਲਈ ਨੌਕਰੀਆਂ ਦੇ ਮੌਕੇ ਵੀ ਵਧਣਗੇ।

ਇਸੇ ਦੌਰਾਨ, ਨੀਤੀ ਵਿੱਚ ਆਉਣ ਵਾਲੇ ਸੰਭਾਵੀ ਬਦਲਾਅ 'ਤੇ ਵਿਰੋਧੀ ਧਿਰ ਵੱਲੋਂ ਵੀ ਨਜ਼ਰ ਰੱਖੀ ਜਾ ਰਹੀ ਹੈ। ਕੁਝ ਲੋਕਾਂ ਨੂੰ ਡਰ ਹੈ ਕਿ ਜੇ ਵਿਦੇਸ਼ੀ ਖਰੀਦਦਾਰਾਂ 'ਤੇ ਪਾਬੰਦੀਆਂ ਘਟਾਈਆਂ ਗਈਆਂ, ਤਾਂ ਘਰਾਂ ਦੀਆਂ ਕੀਮਤਾਂ ਹੋਰ ਵੱਧ ਸਕਦੀਆਂ ਹਨ। ਪਰ ਸਰਕਾਰ ਦਾ ਕਹਿਣਾ ਹੈ ਕਿ ਇਸ ਵੀਜ਼ਾ ਸਕੀਮ ਦਾ ਧਿਆਨ ਮੁੱਖ ਤੌਰ 'ਤੇ ਕਾਰੋਬਾਰੀ ਨਿਵੇਸ਼ ਅਤੇ ਆਰਥਿਕ ਵਿਕਾਸ 'ਤੇ ਹੈ, ਨਾ ਕਿ ਰਿਹਾਇਸ਼ੀ ਸੰਪਤੀ 'ਤੇ।

Charan Kaur Dhesi Becomes Britain's First Sikh Female Boxer

In a landmark achievement, Charan Kaur Dhesi, a Punjabi-origin athlete, has made history by becoming Britain's first Sikh female boxer after eight years of rigorous training. Her breakthrough marks not just a personal victory but also a moment of pride for the Sikh and Punjabi community worldwide. Dhesi's journey has been one of resilience and determination. Breaking through cultural and sporting barriers, she has shown how persistence and passion can carve a space in arenas where Sikh women have rarely been seen. Her achievement is already inspiring young athletes, particularly girls from minority backgrounds, to take up competitive sports. Community leaders and fans have celebrated her success, calling it a milestone that showcases both her dedication and the growing presence of Sikhs on the global sporting stage.

◆◆ ਰੋਸੁ ਨ ਕੀਜੈ ਉਤਰੁ ਦੀਜੈ ◆◆

1. ਗੁਰਬਾਣੀ ਦੀ ਹੇਠ ਲਿਖੀ ਤੁਕ ਵਿਚ ਉਜਾਗਰ ਹੋਏ ਸ਼ਬਦ ਦਾ ਕੀ ਅਰਥ ਹੈ?

ਹਰਿ ਕੈ ਨਾਮ ਜਨ ਕਉ ਤ੍ਰਿਪਤਿ ਭੁਗਤਿ॥

A. Freedom from bonds of Maya (ਮਾਇਆ ਦੇ ਬੰਧਨਾਂ ਤੋਂ ਛੁੱਟਕਾਰਾ)
B. Way (ਵਸੀਲਾ)
C. Contentment (ਰੱਜ ਜਾਣਾ)
D. A great ascetic (ਵੱਡਾ ਤਪ ਕਰਨ ਵਾਲਾ)

2. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸਿਰੀਰਾਗ ਵਿੱਚ ਇਹਨਾਂ ਵਿੱਚੋ ਕਿਹੜੇ ਭਗਤ ਸਾਹਿਬਾਨ ਦੀ ਬਾਣੀ ਦਰਜ ਨਹੀਂ ਹੈ?

A. Bhagat Kabir Ji (ਭਗਤ ਕਬੀਰ ਜੀ)
B. Bhagat Dhanna Ji (ਭਗਤ ਧੰਨਾ ਜੀ)
C. Bhagat Trilochan Ji (ਭਗਤ ਤ੍ਰਿਲੋਚਨ ਜੀ)
D. Bhagat Beni Ji (ਭਗਤ ਬੇਣੀ ਜੀ)

3. ਜੁਲਾਈ 2023 ਵਿੱਚ, ਅਮਰੀਕਾ ਵਿੱਚ ਵਰਜੀਨੀਆ ਕਾਮਨਵੈਲਥ ਯੂਨੀਵਰਸਿਟੀ ਹੈਲਥ ਸਿਸਟਮ ਅਥਾਰਟੀ ਦੇ ਬੋਰਡ ਮੈਂਬਰ ਵਜੋਂ ਕਿਹੜੇ ਸਿੱਖ ਭਾਰਤੀ-ਅਮਰੀਕੀ ਗੈਸਟ੍ਰੋਐਂਟਰੌਲੋਜਿਸਟ ਨੂੰ ਨਿਯੁਕਤ ਕੀਤਾ ਗਿਆ ਹੈ?

A. Dr. Mandeep Singh (ਡਾ. ਮਨਦੀਪ ਸਿੰਘ)
B. Dr. Harmandeep Singh (ਡਾ. ਹਰਮਨਦੀਪ ਸਿੰਘ)
C. Dr. Bimaljit Singh (ਡਾ. ਬਿਮਲਜੀਤ ਸਿੰਘ)
D. Dr. Sandeep Singh (ਡਾ. ਸੰਦੀਪ ਸਿੰਘ)

(ਦੇਖੋ ਉੱਤਰ ਪੰਨਾ 4 'ਤੇ)

ਸੰਘਰਸ਼ — ਜੀਵਨ ਦੀ ਅਸਲ ਉਡਾਣ

– ਮੰਜੂ ਰਾਇਕਾ

ਜੀਵਨ ਇੱਕ ਯਾਤਰਾ ਹੈ, ਜਿਸ ਵਿਚ ਰਸਤੇ ਹਮੇਸ਼ਾ ਸਿਧੇ ਨਹੀਂ ਹੁੰਦੇ। ਕਦੇ ਕਦੇ ਇਹ ਰਸਤੇ ਕੱਟੜ ਪਹਾੜਾਂ ਵਾਂਗੋਂ ਹੋ ਜਾਂਦੇ ਹਨ, ਜਿਥੇ ਇੱਕ-ਇੱਕ ਕਦਮ ਵੀ ਉਲਝਣਾਂ ਮੁਸ਼ਕਲ ਲੱਗਦਾ ਹੈ। ਪਰ ਇਨ੍ਹਾਂ ਹੀ ਔਖੇ ਪਲਾਂ ਨੂੰ "ਸੰਘਰਸ਼" ਕਹਿੰਦੇ ਹਨ। ਸੰਘਰਸ਼ ਉਹ ਅਨਮੋਲ ਅਨੁਭਵ ਹੈ ਜੋ ਸਾਡੀ ਆਤਮਾ ਨੂੰ ਮਜ਼ਬੂਤੀ ਦਿੰਦਾ ਹੈ, ਸਾਡੀ ਸੋਚ ਨੂੰ ਚੌਕਸ ਕਰਦਾ ਹੈ ਅਤੇ ਸਾਡੀ ਕਾਬਲਿਅਤ ਨੂੰ ਨਿਖਾਰਦਾ ਹੈ।

ਸੰਘਰਸ਼ ਬਿਨਾਂ ਜੀਵਨ ਦੀ ਕਮਾਈ ਅਧੂਰੀ ਰਹਿ ਜਾਂਦੀ ਹੈ। ਜਿਵੇਂ ਸੋਨੇ ਨੂੰ ਅੱਗ ਵਿੱਚ ਤਪਾ ਕੇ ਹੀ ਨਿਕਲ਼ਿਆ ਜਾਂਦਾ ਹੈ, ਓਸੇ ਤਰ੍ਹਾਂ ਮਨੁੱਖੀ ਜੀਵਨ ਵੀ ਮੁਸ਼ਕਿਲਾਂ ਵਿੱਚੋਂ ਲੰਘ ਕੇ ਹੀ ਅਸਲ ਅਰਥ ਪਾਉਂਦਾ ਹੈ। ਇੱਕ ਵਿਦਿਆਰਥੀ ਦੇ ਜੀਵਨ ਦੀ ਹੀ ਗੱਲ ਕਰੀਏ ਤਾਂ ਉਸ ਲਈ ਇਮਤਿਹਾਨ, ਅਸਫਲਤਾਵਾਂ, ਮਾਤਾ-ਪਿਤਾ ਦੀ ਉਮੀਦ, ਸਮਾਜ ਦਾ ਦਬਾਅ ਇਹ ਸਭ ਸੰਘਰਸ਼ ਦੇ ਰੂਪ ਹਨ। ਪਰ ਜੇਕਰ ਉਹ ਵਿਦਿਆਰਥੀ ਹਾਰ ਮੰਨ ਲਵੇ, ਤਾਂ ਉਹ ਕਦੀਆਂ ਆਪਣਾ ਮਕਸਦ ਹਾਸਲ ਨਹੀਂ ਕਰ ਸਕਦਾ। ਸੰਘਰਸ਼ ਸਾਡਾ ਅਸਲ ਦੋਸਤ ਹੈ, ਜੋ ਸਾਨੂੰ ਸਿਖਾਉਂਦਾ ਹੈ ਕਿ ਹਾਰ ਦੇ ਅੰਦਰ ਵੀ ਇੱਕ ਅਨੁਭਵ ਛੁਪਿਆ ਹੋਇਆ ਹੈ। ਜਦੋਂ ਵੀ ਕਿਸੇ ਨੇ ਵੱਡੀ ਕਾਮਯਾਬੀ ਹਾਸਲ ਕੀਤੀ, ਉਸ ਤੋਂ ਪਹਿਲਾਂ ਉਸ ਨੇ ਬੇਅੰਤ ਨਾਕਾਮੀਆਂ ਦੇ ਦੌਰ ਵੇਖੇ। ਐਨਸਟਾਈਨ, ਅਬ੍ਰਾਹਮ ਲਿੰਕਨ, ਭਗਤ ਸਿੰਘ ਜਾਂ ਡਾ. ਏ. ਪੀ. ਜੇ ਅਬਦੁਲ ਕਲਾਮ ਇਹਨਾਂ ਦੇ ਜੀਵਨ ਵਿਚ ਵੀ ਕਈ ਉਤਾਰ-ਚੜਾਵ ਆਏ, ਪਰ ਉਹ ਕਦੇ ਥਕੇ ਨਹੀਂ, ਥਮੇ ਨਹੀਂ। ਇਹੀ ਸੰਘਰਸ਼ ਨੂੰ ਅਸਲੀ ਮਾਣ ਦੇਣ ਵਾਲੇ ਲੋਕ ਹਨ।

ਸੰਘਰਸ਼ ਮਨੁੱਖ ਨੂੰ ਅੰਦਰੋਂ ਤਾਕਤਵਰ ਬਣਾਉਂਦਾ ਹੈ। ਇਹ ਸਾਡੀ ਸੋਚ ਨੂੰ ਮਜਬੂਤ ਕਰਦਾ ਹੈ, ਸਾਨੂੰ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਤਿਆਰ ਕਰਦਾ ਹੈ। ਇੱਕ ਨੌਜਵਾਨ, ਜਦੋਂ ਨੌਕਰੀ ਦੀ ਤਲਾਸ਼ ਕਰ ਰਿਹਾ ਹੁੰਦਾ ਹੈ, ਜਦੋਂ ਉਹ ਮੁਕਾਬਲੇ ਦੇ ਇਮਤਿਹਾਨਾਂ ਵਿਚ ਰੋਜ਼ ਹਾਰਦਾ ਹੈ, ਪਰ ਫਿਰ ਵੀ ਅਗਲੀ ਸਵੇਰ ਨਵੀਂ ਉਮੀਦ ਨਾਲ ਉਠਦਾ ਹੈ। ਉਹੀ ਜ਼ਿੰਦਗੀ ਦਾ ਅਸਲ ਹੀਰੋ ਹੈ। ਉਸ ਦੇ ਦਿਲ ਵਿੱਚ ਇਕ ਚਿੰਗਾਰੀ ਹੁੰਦੀ ਹੈ ਜੋ ਕਹਿੰਦੀ ਹੈ, "ਮੈਂ ਹਾਰਿਆ ਨਹੀਂ ਹਾਂ, ਮੈਂ ਸਿੱਖ ਰਿਹਾ ਹਾਂ।"

ਇੱਕ ਮਾਂ ਦਾ ਸੰਘਰਸ਼ ਵੇਖੋ, ਜੋ ਆਪਣੇ ਬੱਚਿਆਂ ਦੀ ਖ਼ਾਤਿਰ ਰਾਤਾਂ ਨੂੰ ਜਾਗਦੀ ਹੈ, ਆਪਣੇ ਸੁਪਨੇ ਵੀ ਕੁਰਬਾਨ ਕਰ ਦਿੰਦੀ ਹੈ। ਇੱਕ ਕਿਸਾਨ ਦੇ ਸੰਘਰਸ਼ ਨੂੰ ਵੇਖੋ ਜੋ ਧਰਤੀ ਨਾਲ ਲੜਦਾ ਹੈ, ਅਸਮਾਨ ਦੇ ਮੌਸਮ ਨਾਲ ਭਿੜਦਾ ਹੈ, ਪਰ ਕਦੇ ਆਪਣੀ ਮਿਹਨਤ ਤੋਂ ਮੂੰਹ ਨਹੀਂ ਮੋੜਦਾ। ਇਹ ਸੰਘਰਸ਼ ਨਹੀਂ ਤਾਂ ਕੀ ਹੈ? ਇਹ ਸਾਡੀ ਆਉਣ ਵਾਲੀ ਪੀੜ੍ਹੀ ਨੂੰ ਉਜਿਆਲਾ ਦੇਣ ਵਾਲੇ ਦੀਵੇ ਹਨ।

ਸੰਘਰਸ਼ ਸਾਡੀ ਅੰਦਰਲੀ ਆਵਾਜ਼ ਨੂੰ ਜਗਾਉਂਦਾ ਹੈ। ਇਹ ਸਾਨੂੰ ਸਿਖਾਉਂਦਾ ਹੈ ਕਿ ਜੇ ਰਸਤੇ ਤੇ ਅੰਧੇਰਾ ਹੋਵੇ ਤਾਂ ਆਪਣੀ ਚਾਨਣ ਬਣੋ। ਜੇ ਦੁਨੀਆ ਤੁਹਾਡੀ ਆਵਾਜ਼ ਨਾ ਸੁਣੇ, ਤਾਂ ਅਜਿਹੀ ਬੋਲ ਬਣੋ ਜੋ ਦਿਲਾਂ ਤੱਕ ਪਹੁੰਚੇ। ਇਹੀ ਸੰਘਰਸ਼ ਦੀ ਮਹਾਨਤਾ ਹੈ।

ਕਈ ਵਾਰੀ ਅਸੀਂ ਆਪਣੇ ਜੀਵਨ ਵਿੱਚ ਹਾਰ ਮੰਨ ਲੈਂਦੇ ਹਾਂ, ਪਰ ਇਹ ਨਹੀਂ ਸੋਚਦੇ ਕਿ ਰੱਬ ਨੇ ਅਜੇ ਤਕ ਅਸੀਂ ਜੋ ਸਿੱਖਿਆ ਹੈ, ਉਸ ਲਈ ਕੋਈ ਵੱਡਾ ਮਕਸਦ ਰੱਖਿਆ ਹੈ। ਹਰ ਇਕ ਨਾਕਾਮੀ ਵਿੱਚ ਰੱਬ ਇੱਕ ਨਵੀਂ ਦਿਸ਼ਾ ਦੇ ਰਿਹਾ ਹੁੰਦਾ ਹੈ, ਪਰ ਸਾਡਾ ਧਿਆਨ ਸਿਰਫ ਹਾਰ ਉੱਤੇ ਟਿਕਿਆ ਹੋਇਆ ਹੁੰਦਾ ਹੈ। ਜੇ ਅਸੀਂ ਆਪਣੇ ਸੰਘਰਸ਼ ਨੂੰ ਅਪਣਾਈਏ, ਉਹ ਸਾਡੀ ਕਮੀਜ਼ ਨਹੀਂ ਸੱਜਾਵਟ ਬਣ ਜਾਂਦਾ ਹੈ।

ਸੰਘਰਸ਼ ਸਾਡੀ ਸਫਲਤਾ ਦਾ ਰਾਹ ਹੈ। ਇਹ ਰਸਤੇ ਉੱਤੇ ਪੈਦਾ ਹੋਣ ਵਾਲੇ ਕਾਂਟੇ ਨਹੀਂ, ਸਾਡੀ ਮੰਜਿਲ ਦੇ ਇਸ਼ਾਰੇ ਹਨ। ਇਹ ਸਾਨੂੰ ਸਿਖਾਉਂਦੇ ਹਨ ਕਿ ਹੌਂਸਲਾ ਰੱਖ, ਮਿਹਨਤ ਕਰ, ਸੱਚਾਈ ਨਾਲ ਚੱਲ ਤੂੰ ਜ਼ਰੂਰ ਕਾਮਯਾਬ ਹੋਵੇਂਗਾ।

SIKH MATRIMONIALS

Gursikh Boy 33/5' 11"/BTech/MTech from Germany/ worked in Germany/ Planning to move to Canada/ Elder brother well settled in Canada/ Father in business/ Contact +1647518 1915

Gursikh girl 28/5'1"/CPA in Canada/ Vegetarian/PR/ Workiin CA Company/Brother married working in Carleton University, Ottawa. Father Ex Banker/ Mother PG Ex Teacher Contact +91 9911159551

Gursikhgirl26/5'/Philosophy(H)DU,DiplomaGeorge Brown College, Toronto/ Working /Family got PR in 2022 settled Vancouver/ Contact+91 9810196404

Gursikh Boy 32/5'7"/ BTech/Post Graduate from Niagara College/ Working as Engineer in Windsor, Canada. Contact father +91-9417177476

ਪੰਨਾ 3 'ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ: 1. C 2. B 3. C

Chief Editor: Dr. Harjinder Singh Editor: Dr. Davinder Singh Designer: Pavit Singh
Advisory Board: Gujinder Singh (USA), Harpreet Kaur (Belgium), Harmohinder Singh (USA), Mamta Kaur (India), Taranpreet Singh (India), Harman Singh (Canada)